# ਨਿੰਦਕੁ ਡੂਬਾ ਹਮ ਉਤਰੇ ਪਾਰਿ

(ਲੇਖਕ: ਅੰਮ੍ਰਿਤ ਪਾਲ ਸਿੰਘ 'ਅੰਮ੍ਰਿਤ')

ਕਿਸੇ ਦੇ ਗੁਣਾਂ ਵਿੱਚ ਦੋਸ਼ ਥਾਪਣ ਦੀ ਕਿਰਿਆ ਨੂੰ ਨਿੰਦਾ ਕਹਿੰਦੇ ਹਨ, ਭਾਵ, ਕੋਈ ਹੋਏ ਤਾਂ ਗੁਣਵਾਨ, ਪਰ ਉਸਨੂੰ ਔਗੁਣ-ਭਰਪੂਰ ਆਖਣਾ ਨਿੰਦਾ ਹੈ । ਜੋ ਨਿੰਦਾ ਕਰੇ, ਉਸਨੂੰ ਨਿੰਦਕ ਕਿਹਾ ਜਾਂਦਾ ਹੈ । ਗੁਰਮਤਿ-ਸਾਹਿਤ ਵਿੱਚ ਨਿੰਦਾ ਅਤੇ ਨਿੰਦਕਾਂ ਬਾਰੇ ਬੜਾ ਕੁੱਝ ਲਿਖਿਆ ਮਿਲਦਾ ਹੈ । ਇਸ ਦਾ ਕਾਰਣ ਸ਼ਾਇਦ ਇਹ ਹੋ ਸਕਦਾ ਹੈ ਕਿ ਸ਼ੁਰੂ ਤੋਂ ਹੀ ਨਿੰਦਕਾਂ ਨੇ ਗੁਰ-ਵਿਅਕਤੀਆਂ ਤੇ ਗੁਰਬਾਣੀ ਦੀ ਨਿੰਦਾ ਕੀਤੀ ਅਤੇ ਹੁਣ ਤਕ ਵੀ ਕਰਦੇ ਆ ਰਹੇ ਹਨ । ਸਿੱਖ ਇਤਿਹਾਸ ਵਿੱਚ ਨਿੰਦਕਾਂ ਦੇ ਕਾਰਨਾਮੇ ਭਰੇ ਪਏ ਹਨ । ਇਤਿਹਾਸ ਦੱਸਦਾ ਹੈ ਕਿ ਨਿੰਦਕਾਂ ਨੇ ਗੁਰੂ ਨਾਨਕ ਦੇਵ ਜੀ ਨੂੰ ਰੱਜ ਕੇ ਨਿੰਦਿਆ । ਗੁਰੂ ਨਾਨਕ ਦੇਵ ਜੀ ਖ਼ੁਦ ਆਖਦੇ ਹਨ : -

ਕੋਈ ਆਖੈ ਭੂਤਨਾ  ਕੋ ਕਹੈ ਬੇਤਾਲਾ ॥
ਕੋਈ ਆਖੈ ਆਦਮੀ  ਨਾਨਕੁ ਵੇਚਾਰਾ ॥
(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੯੯੧) ।

ਭਾਵ- ਕੋਈ ਮੈਂਨੂੰ ਭੂਤ ਆਖਦਾ ਹੈ, ਕੋਈ ਜਿੰਨ ਆਖਦਾ ਹੈ । ਕੋਈ ਆਖਦਾ ਹੈ ਕਿ (ਇਹ) ਬੇਚਾਰਾ (ਗ਼ਰੀਬ) ਨਾਨਕ ਹੈ ।

ਪੁਰਾਤਨ ਜਨਮਸਾਖੀ ਵਿੱਚ ਲਿਖਿਆ ਹੈ ਕਿ ਗੁਰੂ ਨਾਨਕ ਦੇਵ ਜੀ ਬਾਰੇ ਲੋਕਾਂ ਨੇ ਕਿਹਾ : -

"ਤਬ ਲੋਕਾਂ ਕਹਿਆ, "ਇਹ ਕਮਲਾ ਦਿਵਾਨਾ ਹੋਆ ਹੈ ।"

ਭਗਤ ਕਬੀਰ ਜੀ ਵੀ ਆਪਣੇ ਬਾਰੇ ਵਿੱਚ ਦੱਸਦੇ ਹਨ ਕਿ ਲੋਕ ਕਹਿੰਦੇ ਹਨ ਕਿ ਕਬੀਰ ਬਉਰਾ (ਪਾਗਲ) ਹੋ ਗਿਆ ਹੈ : -

ਲੋਗੁ ਕਹੈ ਕਬੀਰੁ ਬਉਰਾਨਾ ॥ (ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਪੰਨਾ ੧੧੫੮)

ਵੇਖਣ ਨੂੰ ਭਾਵੇਂ ਇਵੇਂ ਜਾਪਦਾ ਹੈ ਕਿ ਨਿੰਦਕ ਦੂਜੇ ਦਾ ਨੁਕਸਾਨ ਕਰ ਰਿਹਾ ਹੈ, ਪਰ ਅਸਲ ਵਿੱਚ ਉਹ ਆਪ ਹੀ ਆਪਣੀ ਜੜ੍ਹ ਪੁੱਟਣ ਦਾ ਕੰਮ ਕਰ ਰਿਹਾ ਹੁੰਦਾ ਹੈ । ਭਾਈ ਸਾਹਿਬ ਭਾਈ ਗੁਰਦਾਸ ਜੀ ਲਿੱਖਦੇ ਹਨ : -

ਨਿੰਦਾ ਕਰਿ ਹਰਣਾਖਸੈ ਵੇਖਹੁ ਫਲੁ ਵਟੈ ।
ਲੰਕ ਲੁਟਾਈ ਰਾਵਣੈ  ਮਸਤਕਿ ਦਸ ਕਟੈ ।
ਕੰਸੁ ਗਇਆ ਸਣ ਲਸਕਰੈ  ਸਭ ਦੈਤ ਸੰਘਟੈ ।

ਵੰਸੁ ਗਵਾਇਆ ਕੈਰਵਾਂ ਖੂਹਣਿ ਲਖ ਫਟੈ ।
ਦੰਤ ਬਕਤ੍ਰ ਸਿਸਪਾਲ ਦੇ ਦੰਦ ਹੋਏ ਖਟੈ ।
ਨਿੰਦਾ ਕੋਇ ਨ ਸਿਝਿਓ ਇਉਂ ਵੇਦ ਉਘਟੈ ।
ਦਰਬਾਸੇ ਨੇ ਸਰਾਪ ਦੇ ਯਾਦਵ ਸਤਿ ਤਟੈ । (ਵਾਰ ੩੫, ਪਉੜੀ ੫) ।

ਦੇਖੋ, ਹਰਣਾਖਸ਼ ਨੇ ਨਿੰਦਾ ਕਰਨ ਦਾ ਫਲ ਲਿਆ । ਪ੍ਰਭੂ ਤੇ ਪ੍ਰਭੂ-ਭਗਤ ਦੀ ਨਿੰਦਾ ਕਰਨ ਦਾ ਫਲ ਉਸਨੂੰ ਇਹ ਮਿਲਿਆ ਕਿ ਨਰ ਸਿੰਘ ਹੱਥੋਂ ਭਿਆਨਕ ਮੌਤ ਮਾਰਿਆ ਗਿਆ । ਸ੍ਰੀ ਰਾਮ ਦੀ ਨਿੰਦਾ ਕਰਕੇ ਰਾਵਣ ਨੇ ਲੰਕਾ ਲੁਟਵਾ ਲਈ ਤੇ ਆਪ ਵੀ ਮਾਰਿਆ ਗਿਆ । ਕੰਸ ਨੇ ਉਗਰਸੇਨ ਜਿਹੇ ਵਿਅਕਤੀ ਦੀ ਨਿੰਦਾ ਕੀਤੀ (ਤੇ ਉਸਦਾ ਰਾਜ ਖੋਹ ਲਿਆ) । ਕੰਸ ਨੇ ਕ੍ਰਿਸ਼ਨ ਜੀ ਦੀ ਵੀ ਨਿੰਦਾ ਕੀਤੀ । ਨਤੀਜੇ ਵਜੋਂ ਉਹ ਫ਼ੌਜ ਸਮੇਤ ਮਾਰਿਆ ਗਿਆ। ਉਸ ਦੇ ਸਾਥੀ ਦੈਂਤ ਵੀ ਮਾਰੇ ਗਏ । ਇਹ ਨਿੰਦਾ ਹੀ ਸੀ, ਜਿਸ ਕਾਰਨ ਕੌਰਵ ਆਪਣੀ ਸੈਨਾ ਸਮੇਤ ਵੱਢੇ ਗਏ, ਕਿਉਂਕਿ ਦੁਰਯੋਧਨ ਸਦਾ ਸ੍ਰੀ ਕ੍ਰਿਸ਼ਨ, ਯੁਧਿਸ਼ਠਿਰ ਆਦਿ ਦੀ ਨਿੰਦਾ ਤੇ ਹੀ ਉਤਾਰੂ ਰਿਹਾ ਸੀ । ਦੰਤ-ਬਕਤ੍ਰ ਤੇ ਸ਼ਿਸ਼ੂਪਾਲ ਵੀ ਸ੍ਰੀ ਕ੍ਰਿਸ਼ਨ ਦੀ ਨਿੰਦਾ ਤੋਂ ਨਾ ਹਟੇ ਤੇ ਮਾਰੇ ਗਏ । ਵੇਦ (ਗਿਆਨ) ਨੇ ਵੀ ਇਹੋ ਗੱਲ ਪ੍ਰਗਟ ਕੀਤੀ ਹੈ ਕਿ ਨਿੰਦਾ ਨਾਲ ਕਿਸੇ ਨੇ ਕਾਮਯਾਬੀ ਪ੍ਰਾਪਤ ਨਹੀਂ ਕੀਤੀ । ਯਾਦਵਾਂ ਨੇ ਨਿੰਦਾ ਕਰਕੇ ਦੁਰਬਾਸ਼ਾ ਰਿਸ਼ੀ ਦਾ ਸਰਾਪ ਹੀ ਲਿਆ ।

ਨਿੰਦਕ ਦਾ ਇਹ ਸੁਭਾਅ ਹੁੰਦਾ ਹੈ ਕਿ ਉਹ ਦੂਜੇ ਦੇ ਔਗੁਣ ਵੇਖ ਕੇ ਹੀ ਖ਼ੁਸ਼ ਹੁੰਦਾ ਹੈ । ਦੂਜੇ ਦਾ ਭਲਾ ਉਸਨੂੰ ਚੰਗਾ ਨਹੀਂ ਲੱਗਦਾ । ਨਿੰਦਕ ਦੂਜੇ ਦੀ ਵਡਿਆਈ ਵੇਖ ਨਹੀਂ ਸਕਦੇ : -

ਨਿੰਦਕ ਦੁਸਟ ਵਡਿਆਈ ਵੇਖਿ ਨ ਸਕਨਿ ਓਨਾ ਪਰਾਇਆ ਭਲਾ ਨ ਸੁਖਾਈ ॥
(ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਮਹਲਾ ੪, ਪੰਨਾ ੮੫੦) ।

ਦੂਜੇ ਦਾ ਔਗੁਣ ਵੇਖ ਕੇ ਨਿੰਦਕ ਉਤਸ਼ਾਹਿਤ ਹੁੰਦਾ ਹੈ : -

ਜਉ ਦੇਖੈ ਛਿਦ੍ਰ ਤਉ ਨਿੰਦਕ ਉਮਾਹੈ ਭਲੋ ਦੇਖਿ ਦੁਖ ਭਰੀਐ ॥
(ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਮਹਲਾ ੫, ਪੰਨਾ ੮੨੩) ।

ਭਾਈ ਗੁਰਦਾਸ ਜੀ ਲਿੱਖਦੇ ਹਨ : -

ਕਾਉਂ ਕਪੂਰ ਨ ਚਖਈ ਦੁਰਗੰਧਿ ਸੁਖਾਵੈ । ਹਾਥੀ ਨੀਰਿ ਨ੍ਹਵਾਲੀਐ ਸਿਰਿ ਛਾਰੁ ਉਡਾਵੈ ।
ਤੁੰਮੇ ਅੰਮ੍ਰਿਤ ਸਿੰਜੀਐ ਕਉੜਤੁ ਨ ਜਾਵੈ । ਸਿੰਮਲੁ ਰੁਖੁ ਸਰੇਵੀਐ ਫਲੁ ਹਥਿ ਨ ਆਵੈ ।
ਨਿੰਦਕੁ ਨਾਮੁ ਵਿਹੂਣਿਆ ਸਤਿਸੰਗਿ ਨ ਭਾਵੈ । ਅੰਨ੍ਹਾ ਆਗੂ ਜੇ ਥੀਐ ਸਭੁ ਸਾਥੁ ਮੁਹਾਵੈ ॥
(ਵਾਰ ੩੫, ਪਉੜੀ ੨) ।

ਕਪੂਰ ਸੁਗੰਧੀ ਵਾਲਾ ਪਦਾਰਥ ਹੈ । ਇਹ ਦਿਲ ਤੇ ਦਿਮਾਗ਼ ਨੂੰ ਤਾਕਤ ਦਿੰਦਾ ਹੈ । ਬੜਾ ਗੁਣਕਾਰੀ ਹੈ ਕਪੂਰ । ਪਰ ਕਾਂ ਕਦੇ ਕਪੂਰ ਦਾ ਸੁਆਦ ਚੱਖ ਕੇ ਨਹੀਂ ਦੇਖਦਾ । ਉਸਨੂੰ ਤਾਂ ਦੁਰਗੰਧ ਹੀ ਚੰਗੀ ਲੱਗਦੀ ਹੈ । ਕਪੂਰ ਦੀ ਸੁਗੰਧੀ ਉਸਨੂੰ ਭਾਉਂਦੀ ਨਹੀਂ । ਨਿੰਦਕ ਵੀ ਕਾਂ ਵਰਗਾ ਹੈ । ਕਾਂ ਨੂੰ ਕਪੂਰ ਚੰਗਾ ਨਹੀਂ ਲੱਗਦਾ, ਨਿੰਦਕ ਨੂੰ ਚੰਗੀ ਗੱਲ ਨਹੀਂ ਭਾਉਂਦੀ । ਉਹ ਤਾਂ ਔਗੁਣਾਂ ਵਿੱਚ ਹੀ ਰਾਜ਼ੀ ਰਹਿੰਦਾ ਹੈ ।

ਹਾਥੀ ਨੂੰ ਪਾਣੀ ਨਾਲ ਜਿੰਨਾ ਮਰਜ਼ੀ ਨੁਹਾ ਲਵੋ, ਅਖ਼ੀਰ ਵਿੱਚ ਉਸਨੇ ਆਪਣੇ ਸਰੀਰ ਉਤੇ ਮਿੱਟੀ ਖੇਹ ਹੀ ਪਾਉਣੀ ਹੈ । ਇੱਥੋਂ ਹੀ 'ਕੁੰਚਰ ਇਸ਼ਨਾਨ' ਦੀ ਕਹਾਵਤ ਬਣੀ ਹੈ । ਕੁੰਚਰ ਹਾਥੀ ਨੂੰ ਹੀ ਕਹਿੰਦੇ ਹਨ । ਨਿੰਦਕ ਵੀ ਬੜੇ ਕੁੰਚਰ-ਇਸ਼ਨਾਨ ਕਰਦਾ ਹੈ । ਬੜਾ ਧਰਮੀ ਪੁਰਖ ਹੋਣ ਦਾ ਵਿਖਾਵਾ ਕਰਦਾ ਹੈ । ਹੇਕ ਲਾ-ਲਾ ਕੇ ਨਿੱਤਨੇਮ ਦੀਆਂ ਬਾਣੀਆਂ ਦਾ ਪਾਠ ਕਰੇਗਾ, ਪਰ ਮਗਰੋਂ ਇਹ ਕਹੇਗਾ ਕਿ ਇਸ ਬਾਣੀ ਦੇ ਕੁੱਝ ਹਿੱਸੇ 'ਤੇ ਮੈਨੂੰ ਸ਼ੱਕ ਹੈ ਕਿ ਇਹ ਗੁਰਬਾਣੀ ਹੈ ਵੀ ਕਿ ਨਹੀਂ । ਇਹੋ ਹੈ ਨਿੰਦਕ ਦਾ 'ਕੁੰਚਰ-ਇਸ਼ਨਾਨ' ।

ਤੁੰਮਾ ਵੇਖਣ ਨੂੰ ਤਾਂ ਖ਼ਰਬੂਜੇ ਤੇ ਮਤੀਰੇ ਵਾਂਗੂੰ ਸੋਹਣਾ ਦਿੱਸਦਾ ਹੈ, ਪਰ ਹੁੰਦਾ ਹੈ ਬੜਾ ਕੌੜਾ । ਤੁੰਮੇ ਨੂੰ ਜੇ ਅੰਮ੍ਰਿਤ ਨਾਲ ਸਿੰਜਿਆ ਜਾਏ, ਜੇ ਦੁੱਧ ਨਾਲ ਉਸਦੀ ਸਿੰਚਾਈ ਕੀਤੀ ਜਾਏ, ਤਾਂ ਵੀ ਉਸਦਾ ਕੌੜਾਪਨ ਨਹੀਂ ਜਾਂਦਾ । ਦੇਖਣ ਨੂੰ ਬੜਾ ਸੋਹਣਾ ਹੈ ਤੁੰਮਾ, ਪਰ ਚੱਖੀਏ, ਤਾਂ ਨਿਰਾ ਕੌੜਾ । ਇਵੇਂ ਹੀ, ਹੋ ਸਕਦਾ ਹੈ ਕਿ ਨਿੰਦਕ ਬੜਾ ਸਿਆਣਾ ਦਿੱਸੇ, ਬੜਾ ਗੁਰਮੁੱਖ ਦਿੱਸੇ, ਪਰ ਅੰਦਰੋਂ ਤਾਂ ਉਹ ਕੌੜਾ ਹੀ ਹੈ, ਨਿਰੇ ਗੰਦੇ ਵੀਚਾਰਾਂ ਦਾ ਧਾਰਨੀ । ਨਿੰਦਾ ਦਾ ਕੌੜਾਪਣ ਤਾਂ ਉਸਦੇ ਅੰਦਰ ਹੀ ਹੈ । ਤੁੰਮੇ ਨੂੰ ਅੰਮ੍ਰਿਤ ਨਾਲ ਸਿੰਜ ਲਈਏ, ਦੁੱਧ ਪਾ ਦਈਏ, ਤਾਂ ਉਸਨੇ ਮਿੱਠਾ ਨਹੀਂ ਹੋ ਜਾਣਾ । ਇਵੇਂ ਹੀ, ਨਿੰਦਕ ਨੂੰ ਜਿੰਨੇ ਮਰਜ਼ੀ ਮਿੱਠੇ ਵਚਨ ਬੋਲ ਲਏ ਜਾਣ, ਜਿੰਨਾ ਮਰਜ਼ੀ ਉਸ ਦਾ ਸਤਿਕਾਰ ਕਰ ਲਿਆ ਜਾਏ, ਉਸਦੇ ਅੰਦਰਲਾ ਜ਼ਹਿਰ ਨਹੀਂ ਖ਼ਤਮ ਹੋਣਾ । ਜੇ, ਸੋਚੀਏ, ਤਾਂ ਤੁੰਮੇ ਨੂੰ ਦੁੱਧ ਨਾਲ ਸਿੰਜਣ ਵਾਲੇ ਨੂੰ ਕੋਈ ਸਿਆਣਾ ਵੀ ਤਾਂ ਨਹੀਂ ਕਹੇਗਾ । ਸਗੋਂ ਮੂਰਖ ਹੀ ਆਖਣਗੇ ਸਾਰੇ ਉਸਨੂੰ । ਇਵੇਂ ਹੀ, ਜੇ ਕੋਈ ਗੁਰੂ-ਨਿੰਦਕ ਨੂੰ, ਗੁਰਬਾਣੀ-ਨਿੰਦਕ ਨੂੰ ਸਤਿਕਾਰਦਾ ਫਿਰੇ, ਗੁਰਮੁੱਖ ਜਨਾਂ ਵਿੱਚ ਉਹ ਸ਼ੋਭਾ ਨਹੀਂ ਪ੍ਰਾਪਤ ਕਰ ਸਕਦਾ ।

ਸਿੰਮਲ ਦਾ ਰੁੱਖ ਬੜਾ ਉੱਚਾ ਤੇ ਮੋਟਾ ਹੁੰਦਾ ਹੈ, ਪਰ ਇਸਦੇ ਫਲ ਫਿੱਕੇ ਹੁੰਦੇ ਹਨ । ਲਾਲ ਰੰਗ ਦੇ ਇਸਦੇ ਫੁੱਲ ਵੀ ਬੇ-ਸੁਆਦੇ ਹੁੰਦੇ ਹਨ । ਜੇ ਕੋਈ ਸਿੰਮਲ ਦੇ ਰੁੱਖ ਨੂੰ ਪਾਲਦਾ ਹੈ, ਤਾਂ ਉਸਨੂੰ ਇਸਦਾ ਕੋਈ ਵੀ ਫਲ ਨਹੀਂ ਮਿਲਣ ਵਾਲਾ । ਇਵੇਂ ਹੀ, ਜੇ ਕੋਈ ਨਿੰਦਕ ਦੀ ਸੇਵਾ ਕਰੇ, ਤਾਂ ਇਸਦਾ ਕੋਈ ਚੰਗਾ ਨਤੀਜਾ ਨਹੀਂ ਮਿਲੇਗਾ।

ਨਿੰਦਕ ਨਾਮ ਤੋਂ ਵਿਹੂਣਾ ਹੈ । ਉਸਨੂੰ ਸਤਿਸੰਗ ਚੰਗਾ ਨਹੀਂ ਲਗਦਾ । ਨਿੰਦਕ ਦਾ ਕੰਮ ਤਾਂ ਨਿੰਦਾ ਕਰਨਾ ਹੈ । ਉਹ ਸਤਿਸੰਗ ਦੀ ਨਿੰਦਾ ਕਰਨੋਂ ਵੀ ਨਹੀਂ ਹੱਟਦਾ । ਜੇ ਆਗੂ ਅੰਨ੍ਹਾ ਹੋਵੇ, ਤਾਂ ਸਾਰੇ ਸਾਥ ਨੂੰ ਹੀ ਲੁੱਟਵਾ ਦਿੰਦਾ ਹੈ । ਨਿੰਦਕ ਆਪ ਤਾਂ ਪ੍ਰਭੂ-ਨਾਮ ਤੋਂ ਵਿਹੂਣਾ ਹੈ ਹੀ ਹੈ, ਜੋ ਉਸਨੂੰ ਆਪਣਾ ਆਗੂ ਬਣਾ ਲੈਣਗੇ, ਉਹ ਵੀ ਠੱਗੇ ਜਾਣਗੇ ।

੩੫ ਵੀਂ ਵਾਰ ਦੀ ਪਹਿਲੀ ਪਉੜੀ ਵਿੱਚ ਭਾਈ ਗੁਰਦਾਸ ਜੀ ਨਿੰਦਕ ਦੀ ਤੁਲਨਾ ਕੁੱਤੇ, ਸੱਪ, ਪੱਥਰ ਤੇ ਖੋਤੇ ਨਾਲ ਕਰਦੇ ਹਨ। ਜੇ ਕੁੱਤੇ ਨੂੰ ਰਾਜ-ਗੱਦੀ 'ਤੇ ਬਿਠਾ ਦਈਏ, ਤਾਂ ਵੀ ਉਸਨੇ ਚੱਕੀ ਹੀ ਚੱਟਣੀ ਹੈ। ਕੁੱਤਾ ਬੇਸ਼ਕ ਰਾਜਾ ਬਣ ਜਾਏ, ਪਰ ਉਹ ਆਪਣਾ ਕੁੱਤ-ਪੁਣਾ ਕਿਵੇਂ ਛੱਡੇਗਾ ? ਸੱਪ ਨੂੰ ਦੁੱਧ ਪਿਲਾਉਣ ਦੇ ਬਾਅਦ ਵੀ ਸੱਪ ਨੇ ਮੂੰਹ ਤੋਂ ਜ਼ਹਿਰ ਹੀ ਛੱਡਣੀ ਹੈ। ਪੱਥਰ ਨੂੰ ਪਾਣੀ ਵਿੱਚ ਰੱਖ ਦੇਣ ਨਾਲ ਉਸਦਾ ਕਰੜਾ-ਪਣ ਖ਼ਤਮ ਨਹੀਂ ਹੋ ਜਾਂਦਾ। ਖੋਤਾ ਅਤਰ ਅਤੇ ਚੰਦਨ ਨੂੰ ਛੱਡ ਕੇ ਖੇਹ ਵਿੱਚ ਹੀ ਪਲਸੇਟੇ ਮਾਰਦਾ ਹੈ। ਇਵੇਂ ਹੀ ਨਿੰਦਕ ਹੈ। ਉਹ ਪਰਾਈ ਨਿੰਦਾ ਤੋਂ ਹੱਟਦਾ ਨਹੀਂ ਤੇ ਇਵੇਂ ਆਪਣੀ ਜੜ੍ਹ ਆਪ ਪੁੱਟਦਾ ਹੈ।

ਦਰਅਸਲ, ਨਿੰਦਕ ਦੇ ਆਪਣੇ ਵੱਸ ਵਿੱਚ ਕੁੱਝ ਨਹੀਂ। ਪ੍ਰਭੂ ਨੇ ਆਪ ਹੀ ਉਸ ਨੂੰ ਭੁਲਾ ਦਿੱਤਾ ਹੈ। ਉਸ ਨੂੰ ਕੁਰਾਹੇ ਪਾ ਦਿੱਤਾ ਹੈ ਕਿ ਪ੍ਰਭੂ ਦੇ ਭਗਤ ਨਾਲ ਝਗੜਾ ਸ਼ੁਰੂ ਕਰੇ, ਤਾਂ ਕਿ ਨਿੰਦਕ ਦਾ ਭਿਆਨਕਰ ਅੰਤ ਹੋ ਸਕੇ : -

ਨਿੰਦਕੁ ਪ੍ਰਭੂ ਭੁਲਾਇਆ ਕਾਲੁ ਨੇਰੈ ਆਇਆ
ਹਰਿ ਜਨ ਸਿਉ ਬਾਦੁ ਉਠਰੀਐ ॥ (ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਮਹਲਾ ੫, ਪੰਨਾ ੮੨੩)।

ਗੁਰੂ ਰਾਮਦਾਸ ਜੀ ਕਹਿੰਦੇ ਹਨ : -

ਨਿੰਦਕਾਂ ਪਾਸਹੁ ਹਰਿ ਲੇਖਾ ਮੰਗਸੀ ਬਹੁ ਦੇਇ ਸਜਾਈ ॥
ਜੇਹਾ ਨਿੰਦਕ ਅਪਣੈ ਜੀਇ ਕਮਾਵਦੇ ਤੇਹੋ ਫਲੁ ਪਾਈ ॥ (ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਪੰਨਾ ੩੧੬)।

ਭਾਈ ਗੁਰਦਾਸ ਜੀ ਨਿੰਦਾ ਨੂੰ ਬੜਾ ਵੱਡਾ ਪਾਪ ਸਮਝਦੇ ਹਨ। ੩੫ ਵੀਂ ਵਾਰ ਦੀ ਚੌਥੀ ਪਉੜੀ ਵਿੱਚ ਉਹ ਕਹਿੰਦੇ ਹਨ ਕਿ ਡੈਣ ਮਨੁੱਖਾਂ ਨੂੰ ਖਾਂਦੀ ਤਾਂ ਹੈ, ਪਰ ਆਪਣੇ ਪੁੱਤਰ ਦਾ ਬੁਰਾ ਨਹੀਂ ਮੰਗਦੀ। ਵੱਡੇ ਤੋਂ ਵੱਡਾ ਵਿਭਚਾਰੀ ਵੀ ਆਪਣੀ ਧੀ-ਭੈਣ ਤੋਂ ਸ਼ਰਮਾ ਜਾਂਦਾ ਹੈ। ਰਾਜੇ ਦਗਾ ਕਰਕੇ ਵੈਰੀਆਂ ਨੂੰ ਪਕੜਦੇ ਹਨ, ਪਰ ਵਿਚੋਲਿਆਂ ਨੂੰ, ਦੂਤਾਂ ਨੂੰ ਕੁੱਝ ਨਹੀਂ ਆਖਦੇ। ਗੰਗਾ 'ਤੇ ਜਾ ਕੇ ਕੀਤੇ ਪਾਪ ਉਤਰਦੇ ਨਹੀਂ। (ਇਨ੍ਹਾਂ ਡਾਇਣਾਂ, ਵਿਭਚਾਰੀਆਂ, ਰਾਜਿਆਂ ਤੇ ਪਾਪੀਆਂ ਦੀ ਸਜ਼ਾ ਨਰਕ ਹੈ। ਯਮਰਾਜ ਇਨ੍ਹਾਂ ਨੂੰ ਸਜ਼ਾ ਦਿੰਦਾ ਹੈ) ਪਰ ਨਿੰਦਕ ਦਾ ਆਚਰਣ ਸੁਣ ਕੇ ਨਰਕ ਤੇ ਯਮਰਾਜ ਵੀ ਥਰ-ਥਰ ਕੰਬਦੇ ਹਨ। ਨਿੰਦਾ ਤਾਂ ਕਿਸੇ ਦੀ ਵੀ ਭਲੀ ਨਹੀਂ : -

ਨਿੰਦਾ ਭਲੀ ਕਿਸੈ ਕੀ ਨਾਹੀ ਮਨਮੁਖ ਮੁਗਧ ਕਰੰਨਿ ॥
ਮੁਹ ਕਾਲੇ ਤਿਨ ਨਿੰਦਕਾਂ ਨਰਕੇ ਘੋਰਿ ਪਵੰਨਿ ॥ (ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਪੰਨਾ ੭੫੫)।

ਭਗਤ ਕਬੀਰ ਜੀ ਕਹਿੰਦੇ ਹਨ ਕਿ (ਅਜਿਹੇ ਲੋਕ) ਆਪ ਤਾਂ ਕਿਸੇ ਨੂੰ ਚੁੱਲੂ ਭਰ ਪਾਣੀ ਵੀ ਨਹੀਂ ਦਿੰਦੇ, ਪਰ ਨਿੰਦਾ ਉਨ੍ਹਾਂ ਦੀ ਕਰਦੇ ਹਨ, ਜਿਨ੍ਹਾਂ ਨੇ ਗੰਗਾ ਹੀ ਲੈ ਆਉਂਦੀ ਹੈ : -

ਆਪਿ ਨ ਦੇਹਿ ਚੁਰੂ ਭਰਿ ਪਾਨੀ ॥ ਤਿਹ ਨਿੰਦਹਿ ਜਿਹ ਗੰਗਾ ਆਨੀ ॥
(ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਪੰਨਾ ੩੩੨)।

ਇਨ੍ਹਾਂ ਦੋ ਪੰਕਤੀਆਂ ਵਿੱਚ ਭਗਤ ਜੀ ਨੇ ਬਹੁਤ ਕੁੱਝ ਆਖ ਦਿੱਤਾ ਹੈ। ਨਿੰਦਕ ਹਰ ਸਮੇਂ ਕੁਟਿਲ ਚਾਲਾਂ ਚਲਦੇ ਰਹਿੰਦੇ ਹਨ। ਉਹ ਆਪ ਤਾਂ ਗਏ ਗੁਜ਼ਰੇ ਹਨ ਹੀ, ਹੋਰਨਾਂ ਨੂੰ ਵੀ ਪੁੱਠੇ ਪਾਸੇ ਤੋਰਦੇ ਹਨ। ਵੈਸੇ ਵੀ, ਕਿਸੇ ਨੂੰ ਕੁਰਾਹੇ ਪਾਉਣਾ ਆਸਾਨ ਹੁੰਦਾ ਹੈ। ਗੁਰੂ ਤੇ ਗੁਰਬਾਣੀ ਬਾਰੇ ਸ਼ੰਕਾ ਖੜੀ ਕਰਨੀ ਬੜੀ ਸੌਖੀ ਹੁੰਦੀ ਹੈ। ਫੋਕੇ ਵਾਦ-ਵਿਵਾਦ ਵਿੱਚ ਨਿੰਦਕ ਕਿਸੇ ਨੂੰ ਅੱਗੇ ਨਹੀਂ ਲੰਘਣ ਦਿੰਦਾ, ਪਰ ਹਰਿ-ਜਸ ਤੋਂ ਉਹ ਕੋਰਾ ਹੁੰਦਾ ਹੈ। ਕਬੀਰ ਜੀ ਕਹਿੰਦੇ ਹਨ : -

ਹਰਿ ਜਸੁ ਸੁਨਹਿ ਨ ਹਰਿ ਗੁਨ ਗਾਵਹਿ ॥
ਬਾਤਨ ਹੀ ਅਸਮਾਨੁ ਗਿਰਾਵਹਿ ॥ (ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਪੰਨਾ ੩੩੨)।

ਪਰ ਭਲੇ ਪੁਰਸ਼ ਆਪਣੀ ਨਿੰਦਾ ਸੁਣ ਕੇ ਦੁਖੀ ਨਹੀਂ ਹੁੰਦੇ, ਸਗੋਂ ਅਨੰਦ ਦੀ ਅਵਸਥਾ ਵਿੱਚ ਹੀ ਰਹਿੰਦੇ ਹਨ : -

ਜੋ ਜੋ ਨਿੰਦ ਕਰੇ ਸੰਤਨ ਕੀ  ਤਿਉ ਸੰਤਨ ਸੁਖੁ ਮਾਨਾ ॥
(ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਮਹਲਾ ੫, ਪੰਨਾ ੩੮੧)।

ਭਲਾ ਪੁਰਸ਼ ਆਪਣੀ ਨਿੰਦਾ ਸੁਣ ਕੇ ਆਪਣੇ ਅੰਦਰ ਝਾਤੀ ਮਾਰਦਾ ਹੈ। ਆਪਣੇ ਛੋਟੇ-ਮੋਟੇ ਔਗੁਣਾਂ ਨੂੰ ਦੂਰ ਕਰਨ ਦੀ ਕੋਸ਼ਿਸ਼ ਕਰਦਾ ਹੈ ਤੇ ਗੁਣ ਧਾਰਣ ਕਰਦਾ ਹੈ। ਇਸਤਰ੍ਹਾਂ, ਨਿੰਦਾ ਉਸ ਲਈ ਵਰਦਾਨ ਸਾਬਿਤ ਹੁੰਦੀ ਹੈ। ਭਗਤ ਕਬੀਰ ਜੀ ਆਖਦੇ ਹਨ :-

ਜਨ ਕਬੀਰ ਕਉ ਨਿੰਦਾ ਸਾਰੁ ॥
ਨਿੰਦਕੁ ਡੂਬਾ ਹਮ ਉਤਰੇ ਪਾਰਿ ॥ (ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਪੰਨਾ ੩੩੯)।

(ਪੁਸਤਕ 'ਥਿਰੁ ਸੋਹਾਗੁ' ਵਿੱਚੋਂ)।